011126_JA_05_Layout 1 11/1/2026 1:16 AM Page 2



ਸਮਾਗਮ ਵਿਚ ਦੀਪਕ ਬਾਲੀ, ਮੰਗਲ ਸਿੰਘ ਬੱਸੀ ਤੇ ਹੋਰ ਪਤਵੰਤੇ। (ਸੱਜੇ) ਵੱਡੀ ਗਿਣਤੀ ਵਿਚ ਡਰੋਨ ਸ਼ੋਅ ਦੇਖਦੇ ਹੋਏ ਲੋਕ। ਰਸਵੀਰ. ਮੁਨੀਸ਼

ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਧੀਣਾ ਵਿਖੇ ਡ੍ਰੋਨ ਸ਼ੋਅ ਕਰਵਾਇਆ

ਜਲੰਧਰ, 31 ਅਕਤੂਬਰ (ਜਸਪਾਲ ਸਿੰਘ)- ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਕਰਵਾਏ ਜਾ ਰਹੇ ਵਿਸ਼ੇਸ਼ ਸਮਾਗਮਾਂ ਦੀ ਲੜੀ ਤਹਿਤ ਸ਼ਨੀਵਾਰ ਨੂੰ ਇਥੋਂ ਨੇੜਲੇ ਪਿੰਡ ਧੀਣਾ ਵਿਖੇ ਸ਼ਾਨਦਾਰ ਡ੍ਰੋਨ ਸ਼ੋਅ ਕਰਵਾਇਆ ਗਿਆ। ਇਸ ਮੌਕੇ ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਅਤੇ ਹਲਕਾ ਇੰਚਾਰਜ ਜਲੰਧਰ ਕੈਂਟ ਦੀਪਕ ਬਾਲੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਚੇਅਰਮੈਨ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਮੰਗਲ ਸਿੰਘ ਬੱਸੀ ਵੀ ਇਸ ਮੌਕੇ ਸ਼ਾਮਿਲ ਹੋਏ। ਪਿੰਡ ਦੇ ਫੁੱਟਬਾਲ ਗਰਾਊਂਡ ਵਿਖੇ ਕਰਵਾਏ ਗਏ ਡ੍ਰੋਨ ਸ਼ੋਅ ਦੌਰਾਨ ਰਾਤ ਸਮੇਂ ਆਸਮਾਨ ਵਿੱਚ 500 ਡ੍ਰੋਨਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਫਲਸਫੇ, ਬੇਗਮਪੁਰਾ ਦੇ ਸੰਕਲਪ, ਬਰਾਬਰੀ, ਦਇਆ, ਸਮਾਜਿਕ ਨਿਆਂ ਬਾਰੇ ਸਦੀਵੀ ਸੰਦੇਸ਼ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ। ਡ੍ਰੋਨ ਸ਼ੋਅ ਦੌਰਾਨ ਵੱਡੀ ਗਿਣਤੀ ਵਿੱਚ ਹਾਜ਼ਰ ਸੰਗਤ ਨੂੰ ਆਧੁਨਿਕ ਤਕਨੀਕ, ਅਧਿਆਤਮਿਕਤਾ ਅਤੇ ਬਿਰਤਾਂਤ ਵਰਣਨ ਦਾ ਸ਼ਾਨਦਾਰ ਸੁਮੇਲ ਦੇਖਣ ਨੂੰ ਮਿਲਿਆ। ਇਸ ਮੌਕੇ ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਸਮੁੱਚੀ ਮਨੁੱਖਤਾ ਨੂੰ ਬਰਾਬਰੀ, ਭਾਈਚਾਰੇ, ਮਿਹਨਤ, ਸੱਚੇ ਆਚਰਣ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਹੈ। ਇਸ ਤੋਂ ਪਹਿਲਾਂ ਪ੍ਰਸਿੱਧ ਗਾਇਕ ਕੰਠ ਕਲੇਰ ਵੱਲੋਂ ਧਾਰਮਿਕ ਪੇਸ਼ਕਾਰੀਆਂ ਨਾਲ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੇ ਫਲਸਫੇ ਨਾਲ ਜੋੜਿਆ ਗਿਆ। ਇਸ ਮੌਕੇ ਵੱਡੀ ਗਿਣਤੀ ਸੰਗਤ ਤੋਂ ਇਲਾਵਾ ਜੁਆਇੰਟ ਸਕੱਤਰ ਸਟੇਟ ਪੰਜਾਬ 'ਆਪ' ਜੋਰਜ ਸਾਗਰ, ਹਲਕਾ ਕੁਆਰਡੀਨੇਟਰ ਜਲੰਧਰ ਕੈਂਟ ਬਚਿੱਤਰ ਕੁਮਾਰ, ਕੌਂਸਲਰ ਵਾਰਡ ਨੰ.15 ਰਾਜੇਸ਼ ਭੱਟੀ, ਕੌਂਸਲਰ ਵਾਰਡ ਨੰ. 14 ਮੈਂਟੂ ਸੱਭਰਵਾਲ, ਕੌਂਸਲਰ ਵਾਰਡ ਨੰ. 13 ਸੁਰਿੰਦਰ ਸਾਂਪਲਾ,ਸਰਪੰਚ ਬੰਬੀਆਵਾਲ ਮੁਖਤਿਆਰ ਸਿੰਘ, ਸਰਪੰਚ ਭੋਡੇ ਸਭਰਾਵਾਂ ਸਤਨਾਮ ਸਿੰਘ, ਸਰਪੰਚ ਜਮਸ਼ੇਰ ਗੁਰਿੰਦਰ ਸਿੰਘ, ਸਰਪੰਚ ਸਰਹਾਲੀ ਹਰਮੇਸ਼ ਲਾਲ, ਸਰਪੰਚ ਲਖਨਪਾਲ ਕਸ਼ਮੀਰ ਚੰਦ, ਸਰਪੰਚ ਚੌਂਤਾ ਬੂਟਾ ਸਿੰਘ, ਸਰਪੰਚ ਧਨਾਲ ਨਰਿੰਦਰ, ਸਰਪੰਚ ਕਾਸਮਪੁਰ ਬਲਦੇਵ ਕੁਮਾਰ, ਚੇਅਰਮੈਨ ਬਲਾਕ ਸਮਿਤੀ ਜੰਡਿਆਲਾ ਮੰਝਕੀ ਪੱਲਣ, ਬਲਾਕ ਸਮਿਤੀ ਮੈਂਬਰ ਜੰਡਿਆਲਾ ਕਮਲਜੀਤ, ਸਰਪੰਚ ਫੁਲੜੀਵਾਲ ਸੁਖਵਿੰਦਰ ਸਿੰਘ, ਸਰਹਾਲੀ ਬਲਾਕ ਪ੍ਰਧਾਨ ਡਿੰਦਾ, ਸਰਪੰਚ ਬਰਸਾਲ ਵਿਜੇ, ਸਾਬਕਾ ਸਰਪੰਚ ਧਨੀ ਗੁਰਮੀਤ ਰਾਮ, ਡਾ. ਕਰਨ, ਗੋਰਾ ਚਿਤਿਆਣੀ, ਸੋਨੂੰ ਸਮਸ਼ੇਰ, ਪਿੰਡ ਚੰਨਣਪੁਰ ਤੇ ਨਾਨਕਪਿੰਡੀ ਦੇ ਸਰਪੰਚ ਵੀ ਮੌਜੂਦ ਸਨ।



ਅਕਾਸ਼ ਵਿਚ ਡਰੋਨ ਨਾਲ ਬਣਾਈਆਂ ਗਈਆਂ ਕਲਾਕ੍ਰਿਤੀਆਂ

ਪੰਜਾਬ ਸਰਕਾਰ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਮਹਾਨ ਸਿੱਖਿਆਵਾਂ ਨੂੰ ਘਰ-ਘਰ ਪਹੁੰਚਾਉਣ ਲਈ ਯਤਨਸ਼ੀਲ-ਦੀਪਕ ਬਾਲੀ

ਪੰਜਾਬ ਸਰਕਾਰ ਦੀਆਂ ਨੀਤੀਆ ਨੇ ਕਿਸਾਨਾਂ ਲਈ ਸਹਿਕਾਰੀ ਬੈਂਕਾ ਤੋਂ ਕਰਜ਼ੇ ਲੈਣ ਦੇ ਦਰਵਾਜ਼ੇ ਬੰਦ ਕੀਤੇ- ਸੁਨੀਲ ਜਾਖੜ

ਕਿਹਾ, 11 ਬੈਂਕ ਬੰਦ ਹੋਣ ਨਾਲ ਬੈਂਕ ਕਰਮਚਾਰੀਆਂ ਦੇ ਨਾਲ ਕਿਸਾਨ ਵੀ ਵਿਰੋਧ ਕਰਨ ਲਈ ਮਜਬੂਰ

ਜਲੰਧਰ, 31 ਅਕਤੂਬਰ (ਸ਼ਿਵ)- ਭਾਰਤੀ ਜਨਤਾ ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਆਪ ਸਰਕਾਰ ਨੂੰ ਕਿਸਾਨ ਵਿਰੋਧੀ ਕਰਾਰ ਦਿੰਦੇ ਹੋਏ ਸਰਕਾਰ ਦੀ ਸਹਿਕਾਰੀ ਬੈਂਕ ਕਰਜ਼ਾ ਨਿਯਮਾਂ ਰਾਹੀਂ ਕਿਸਾਨਾਂ 'ਤੇ ਨਿਪਟਾਰਾ ਯੋਜਨਾ ਲਾਗੂ ਕਰਨ ਲਈ ਵਿਧਾਨ ਸਭਾ ਵਿਚ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਸਾਨ ਕ੍ਰੈਡਿਟ ਕਾਰਡਾਂ ਦੀ ਕਰਜ਼ਾ ਸੀਮਾ ਵਧਾਉਣ ਅਤੇ ਇਸ ਯੋਜਨਾ ਦੇ ਤਹਿਤ ਵੱਖ-ਵੱਖ ਜਾਖੜ ਨੇ ਕਿਹਾ ਕਿ ਕਿਸਾਨਾਂ ਦੇ ਉਪਰ ਹੋਰ ਧੱਕਾ ਕੀ ਹੋ ਸਕਦਾ ਹੈ ਕਿ ਭਗਵੰਤ ਮਾਨ ਸਰਕਾਰ ਨੇ ਸਹਿਕਾਰੀ ਬੈਂਕ ਕਰਜ਼ਾ ਨਿਯਮਾਂ ਵਿਚ ਵੱਡੇ ਬਦਲਾਅ ਕਰਕੇ ਨਾ ਸਿਰਫ਼ ਕਿਸਾਨਾਂ 'ਤੇ ਵਿੱਤੀ ਬੋਝ ਪਾਇਆ ਹੈ, ਸਗੋਂ ਸਹਿਕਾਰੀ ਬੈਂਕਾਂ ਤੋਂ ਕਰਜ਼ਾ ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਇੰਨਾ ਔਖਾ ਬਣਾ ਦਿੱਤਾ ਹੈ



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੁਨੀਲ ਜਾਖੜ ਤੇ ਉਨ੍ਹਾਂ ਨਾਲ ਸੁਸ਼ੀਲ ਰਿੰਕੂ, ਅਮਰਜੀਤ ਸਿੰਘ ਅਮਰੀ, ਦਿਨੇਸ਼ ਢੱਲ, ਗੁਰਦੇਵ ਸਿੰਘ ਗੋਲਡੀ ਭਾਟੀਆ, ਬਲਜੀਤ ਪ੍ਰਿੰਸ ਤੇ ਹੋਰ। ਰਸਵੀਰ. ਜੀ. ਪੀ. ਸਿੰਘ

ਭਾਰੀ ਬੋਝ ਪਾਉਣ ਦੀ ਸਖਤ ਨਿੰਦਾ ਕੀਤੀ ਹੈ। ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਨੀਲ ਜਾਖੜ ਨੇ ਕਿਹਾ ਹੈ ਕਿ ਜਦੋਂ ਕਿਸਾਨ ਯੂਨੀਅਨਾਂ ਨੇ ਹਾਲ ਹੀ ਵਿਚ ਖੇਤੀਬਾੜੀ ਕਰਜ਼ਿਆਂ ਸਮੇਤ ਵੱਖ-ਵੱਖ ਖੇਤੀਬਾੜੀ ਮੰਗਾਂ ਨੂੰ ਲੈ ਕੇ ਚੰਡੀਗੜ੍ਹ ਵਿਚ ਵਿਰੋਧ ਪ੍ਰਦਰਸ਼ਨ ਕੀਤਾ ਸੀ, ਤਾਂ ਪੰਜਾਬ ਸਰਕਾਰ ਦੇ ਖੇਤੀਬਾੜੀ ਮੰਤਰੀ ਨੇ 7 ਸਤੰਬਰ ਨੂੰ ਲਿਖਤੀ ਭਰੋਸਾ ਦਿੱਤਾ ਸੀ ਕਿ ਸਹਿਕਾਰੀ ਬੈਂਕਾਂ ਤੋਂ ਖੇਤੀਬਾੜੀ ਕਰਜ਼ਿਆਂ ਲਈ ਇੱਕ ਵਾਰ ਹੋਰ ਫਸਲਾਂ ਲਈ ਕਰਜ਼ਾ ਦੇਣ ਦੀ ਨੀਤੀ ਦਾ ਐਲਾਨ ਕੀਤਾ ਸੀ। ਸੁਨੀਲ ਜਾਖੜ ਨੇ ਕਿਹਾ ਕਿ ਇਨ੍ਹਾਂ ਦਾਅਵਿਆਂ ਦੇ ਉਲਟ ਸਹਿਕਾਰੀ ਬੈਂਕਾਂ ਵਿਚ ਇੱਕ ਵੀ ਨਵਾਂ ਕਿਸਾਨ ਖਾਤਾ ਨਹੀਂ ਖੋਲ੍ਹਿਆ ਗਿਆ, ਨਾ ਹੀ ਕਰਜ਼ਾ ਸੀਮਾ ਵਧਾਈ ਗਈ। ਇਸ ਦੇ ਉਲਟ, 11 ਜ਼ਿਲ੍ਹਾ ਜ਼ਮੀਨ ਗਿਰਵੀਨਾਮਾ ਬੈਂਕ ਪੰਜ ਮਹੀਨਿਆਂ ਤੋਂ ਬੰਦ ਹਨ, ਅਤੇ ਕਿਸਾਨ ਅਤੇ ਕਰਮਚਾਰੀ ਦੋਵੇਂ ਇਨ੍ਹਾਂ ਬੈਂਕਾਂ ਦੇ ਬਾਹਰ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਸ੍ਰੀ ਸੁਨੀਲ ਜਾਖੜ ਨੇ ਕਿਹਾ ਕਿ ਕਿਸਾਨਾਂ ਦੇ ਉਪਰ ਹੋਰ ਧੱਕਾ ਕੀ ਹੋ ਸਕਦਾ ਹੈ ਕਿ ਭਗਵੰਤ ਮਾਨ ਸਰਕਾਰ ਨੇ ਸਹਿਕਾਰੀ ਬੈਂਕ ਕਰਜ਼ਾ ਨਿਯਮਾਂ ਵਿਚ ਵੱਡੇ ਬਦਲਾਅ ਕਰਕੇ ਨਾ ਸਿਰਫ਼ ਕਿਸਾਨਾਂ 'ਤੇ ਵਿੱਤੀ ਬੋਝ ਪਾਇਆ ਹੈ, ਸਗੋਂ ਸਹਿਕਾਰੀ ਬੈਂਕਾਂ ਤੋਂ ਕਰਜ਼ਾ ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਇੰਨਾ ਔਖਾ ਬਣਾ ਦਿੱਤਾ ਹੈ

ਪੰਜਾਬ ਦਿਵਸ 'ਤੇ ਦੋਵਾਂ ਪੰਜਾਬਾਂ ਦੀ ਸਾਂਝ ਦਾ ਸੁਨੇਹਾ

ਜਲੰਧਰ, 31 ਅਕਤੂਬਰ (ਡਾ. ਜਤਿੰਦਰ ਸਾਥੀ)-ਪੰਜਾਬ ਦਿਵਸ ਸਾਨੂੰ ਆਪਣੀ ਅਮੀਰ ਵਿਰਾਸਤ, ਮਾਂ-ਬੋਲੀ ਅਤੇ ਸਾਂਝੇ ਸੱਭਿਆਚਾਰ ਨੂੰ ਯਾਦ ਕਰਨ ਦਾ ਮੌਕਾ ਦਿੰਦਾ ਹੈ। ਪਰ ਇਸ ਮੌਕੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਵੰਡ ਤੋਂ ਬਾਅਦ ਦੋ ਹਿੱਸਿਆਂ ਵਿੱਚ ਵੰਡਿਆ ਪੰਜਾਬ ਆਖ਼ਰ ਕਦੋਂ ਆਪਣੇ ਸੱਭਿਆਚਾਰਕ ਰਿਸ਼ਤਿਆਂ ਨੂੰ ਮੁੜ ਮਜ਼ਬੂਤ ਕਰ ਸਕੇਗਾ। ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਦੇ ਲੋਕਾਂ ਦੀ ਬੋਲੀ, ਰਹਿਣ-ਸਹਿਣ, ਖਾਣ-ਪੀਣ, ਸੰਗੀਤ ਅਤੇ ਖੇਡਾਂ ਵਿੱਚ ਅੱਜ ਵੀ ਡੂੰਘੀ ਸਾਂਝ ਹੈ, ਪਰ ਸਿਆਸੀ ਤਣਾਅ ਇਸ ਸਾਂਝ ਦੇ ਰਾਹ ਵਿੱਚ ਵੱਡੀ ਰੁਕਾਵਟ ਬਣਿਆ ਹੋਇਆ ਹੈ।ਇਸ ਦੀ ਤਾਜ਼ਾ ਮਿਸਾਲ ਏਸ਼ੀਅਨ ਹਾਕੀ ਚੈਂਪੀਅਨਜ਼ ਟਰਾਫ਼ੀ ਵਿੱਚ ਪਾਕਿਸਤਾਨੀ ਟੀਮ ਦੀ ਗੈਰ-ਮੌਜੂਦਗੀ ਹੈ। ਪੰਜਾਬ ਦੇ ਹਾਕੀ ਪ੍ਰੇਮੀਆਂ ਨੂੰ ਉਮੀਦ ਸੀ ਕਿ ਪਾਕਿਸਤਾਨੀ ਟੀਮ ਵੀ ਇਸ ਟੂਰਨਾਮੈਂਟ ਵਿੱਚ ਹਿੱਸਾ ਲਵੇਗੀ ਅਤੇ ਭਾਰਤ-ਪਾਕਿਸਤਾਨ ਵਿਚਕਾਰ ਰੋਮਾਂਚਕ ਮੁਕਾਬਲਾ ਦੇਖਣ ਨੂੰ ਮਿਲੇਗਾ। ਬੰਗਲਾਦੇਸ਼ ਦੀ ਟੀਮ ਨੇ ਬੇਸ਼ੱਕ ਟੂਰਨਾਮੈਂਟ ਦੀ ਰੌਣਕ ਵਧਾਈ, ਪਰ ਦੋਵਾਂ ਪੰਜਾਬਾਂ ਦੇ ਲੋਕਾਂ ਦੀ ਆਪਸੀ ਮਿਲਾਪ ਦੀ ਤਾਂਘ ਅਧੂਰੀ ਰਹਿ ਗਈ। ਹਾਕੀ ਸਿਰਫ਼ ਖੇਡ ਨਹੀਂ, ਸਗੋਂ ਪੰਜਾਬੀਆਂ ਦੇ ਜਜ਼ਬੇ ਅਤੇ ਸਾਂਝੀ ਪਛਾਣ ਦਾ ਪ੍ਰਤੀਕ ਵੀ ਹੈ।ਇਸੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਲਾਹੌਰ ਵਿਖੇ ਹੋਣ ਵਾਲੀ ਵਿਸ਼ਵ ਪੰਜਾਬੀ ਕਾਨਫਰੰਸ ਲਈ ਸੱਦਾ ਦਿੱਤੇ ਜਾਣ ਦੀ ਗੱਲ ਵੀ ਅਹਿਮ ਹੈ। ਉਨ੍ਹਾਂ ਦੀ ਲਾਹੌਰ ਫੇਰੀ ਸੰਭਵ ਹੁੰਦੀ ਹੈ ਜਾਂ ਨਹੀਂ, (ਬਾਕੀ ਸਫ਼ਾ 10 'ਤੇ)

> **ਹਾਕੀ ਦੇ ਮੈਦਾਨ ਤੋਂ ਲਾਹੌਰ ਦੀ ਪੰਜਾਬੀ ਕਾਨਫਰੰਸ ਤੱਕ, ਸਿਆਸਤ ਤੋਂ ਉੱਪਰ ਉੱਠ ਕੇ ਖੇਡਾਂ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੀ ਲੋੜ**





ਨਗਰ ਨਿਗਮ ਤੇ ਇੰਪਰੂਵਮੈਂਟ ਟਰੱਸਟ ਦੇ ਰੇੜਕੇ ਵਿਚ ਫਸੀਆਂ 6 ਕਾਲੋਨੀਆਂ, ਨਗਰ ਨਿਗਮ ਸੰਭਾਲਣ ਲਈ ਤਿਆਰ ਨਹੀਂ

- ਟਰੱਸਟ ਨੇ ਨਗਰ ਨਿਗਮ ਨੂੰ ਮੁੜ ਲਿਖਿਆ ਪੱਤਰ, 6 ਕਾਲੋਨੀਆਂ ਨੂੰ ਆਪਣੇ ਅਧਿਕਾਰ ਖੇਤਰ ਵਿਚ ਲੈਣ ਦੀ ਕੀਤੀ ਮੰਗ
- ਖ਼ਰਚੇ ਵਧਣ ਕਰਕੇ ਨਗਰ ਨਿਗਮ ਟਰੱਸਟ ਦੀਆਂ 6 ਕਾਲੋਨੀਆਂ ਲੈਣ ਤੋਂ ਵੱਟ ਰਹੀ ਪਾਸਾ-ਲੋਕ ਕੰਮਾਂ ਦੀ ਕਰ ਰਹੇ ਉਡੀਕ

ਜਲੰਧਰ, 31 ਅਕਤੂਬਰ (ਸ਼ਿਵ) - ਜਲੰਧਰ ਇੰਪਰੂਵਮੈਂਟ ਟਰੱਸਟ ਅਤੇ ਨਗਰ ਨਿਗਮ ਵਿਚਕਾਰ ਟਰੱਸਟ ਦੀਆਂ ਕਾਲੋਨੀਆਂ ਨੂੰ ਨਗਰ ਨਿਗਮ ਦੇ ਹਵਾਲੇ ਕਰਨ ਦਾ ਮਾਮਲਾ ਲੰਬੇ ਸਮੇਂ ਤੋਂ ਲਟਕਿਆ ਹੋਇਆ ਹੈ। ਹਾਲਾਂਕਿ ਇੰਪਰੂਵਮੈਂਟ ਟਰੱਸਟ ਵਲੋਂ ਆਪਣੀਆਂ 6 ਕਲੋਨੀਆਂ ਨੂੰ ਨਗਰ ਨਿਗਮ ਦੇ ਹਵਾਲੇ ਕਰਨ ਲਈ ਪੰਜਾਬ ਸਰਕਾਰ ਤੋਂ ਮਨਜ਼ੂਰੀ ਹਾਸਲ ਕੀਤੀ ਜਾ ਚੁੱਕੀ ਹੈ, ਪਰ ਇਸ ਦੇ ਬਾਵਜੂਦ ਨਗਰ ਨਿਗਮ ਵੱਲੋਂ ਇਨ੍ਹਾਂ ਕਲੋਨੀਆਂ ਨੂੰ ਆਪਣੇ ਅਧਿਕਾਰ ਖੇਤਰ ਵਿਚ ਲੈਣ ਦੀ ਪ੍ਰਕਿਰਿਆ ਅਜੇ ਤੱਕ ਪੂਰੀ ਨਹੀਂ ਕੀਤੀ ਗਈ। ਇਸ ਕਾਰਨ ਇਨ੍ਹਾਂ ਕਲੋਨੀਆਂ ਦੇ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਵਿਕਾਸ ਕਾਰਜਾਂ ਸਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਿਗਮ ਵਲੋਂ ਟਰੱਸਟ ਤੋਂ ਜਿਹੜੀਆਂ 6 ਕਾਲੋਨੀਆਂ ਅਧਿਕਾਰ ਖੇਤਰ ਵਿਚ ਨਹੀਂ ਲਈਆਂ ਜਾ ਰਹੀਆਂ ਹਨ। ਉਨ੍ਹਾਂ ਵਿਚ ਇੰਦਰਾਪੁਰਮ, ਬੀਬੀ ਭਾਨੀ ਕੰਪਲੈਕਸ, ਸੂਰਿਆ ਇਨਕਲੇਵ, ਸੂਰਿਆ ਇਨਕਲੇਵ ਐਸਟੈਨਸ਼ਨ, ਮਹਾਰਾਜਾ ਰਣਜੀਤ ਸਿੰਘ ਐਵੀਨਿਊ ਸ਼ਾਮਿਲ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਜਲੰਧਰ ਇੰਪਰੂਵਮੈਂਟ ਟਰੱਸਟ ਨੇ ਹੁਣ ਪੰਜਾਬ ਸਰਕਾਰ ਅਤੇ ਨਗਰ ਨਿਗਮ ਨੂੰ ਮੁੜ ਪੱਤਰ ਲਿਖ ਕੇ ਇਨ੍ਹਾਂ 6 ਕਲੋਨੀਆਂ ਨੂੰ ਨਗਰ ਨਿਗਮ ਦੇ ਅਧਿਕਾਰ ਖੇਤਰ ਵਿਚ ਲੈਣ ਦੀ ਮੰਗ ਕੀਤੀ ਹੈ। ਟਰੱਸਟ ਦਾ ਕਹਿਣਾ ਹੈ ਕਿ ਜਦੋਂ ਇਨ੍ਹਾਂ ਕਲੋਨੀਆਂ ਨੂੰ ਨਗਰ ਨਿਗਮ ਦੇ ਹਵਾਲੇ ਕਰਨ ਲਈ ਸਰਕਾਰ ਦੀ ਮਨਜ਼ੂਰੀ ਵੀ ਮਿਲ ਚੁੱਕੀ ਹੈ ਤਾਂ ਫਿਰ ਇਨ੍ਹਾਂ ਨੂੰ ਟਰਾਂਸਫਰ ਕਰਨ ਦੀ ਪ੍ਰਕਿਰਿਆ ਵਿਚ ਹੋਰ ਦੇਰੀ ਨਹੀਂ ਹੋਣੀ ਚਾਹੀਦੀ। ਟਰੱਸਟ ਚਾਹੁੰਦਾ ਹੈ ਕਿ ਨਗਰ ਨਿਗਮ ਇਨ੍ਹਾਂ ਕਲੋਨੀਆਂ ਦੀ ਜ਼ਿੰਮੇਵਾਰੀ ਸੰਭਾਲੇ ਤਾਂ ਜੋ ਇੱਥੇ ਲੋਕ ਅਨੁਸਾਰ ਵਿਕਾਸ ਕਾਰਜ ਕਰਵਾਏ ਜਾ ਸਕਣ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮਿਲ ਸਕਣ।



ਵਿਕਾਸ ਕਾਰਜਾਂ ਅਤੇ ਵਿੱਤੀ ਬੋਝ ਨੂੰ ਲੈ ਕੇ ਅੜਿਆ ਹੋਇਆ ਹੈ ਨਗਰ ਨਿਗਮ-

ਦੂਜੇ ਪਾਸੇ ਨਗਰ ਨਿਗਮ ਵੱਲੋਂ ਇਨ੍ਹਾਂ ਕਲੋਨੀਆਂ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਲੈਣ ਤੋਂ ਗੁਰੇਜ਼ ਕਰਨ ਪਿੱਛੇ ਕਈ ਕਾਰਨ ਦੱਸੇ ਜਾ ਰਹੇ ਹਨ। ਨਿਗਮ ਦਾ ਮੰਨਣਾ ਹੈ ਕਿ ਇੰਪਰੂਵਮੈਂਟ ਟਰੱਸਟ ਵਲੋਂ ਕਲੋਨੀਆਂ ਵਿੱਚ ਸੜਕਾਂ, ਸੀਵਰੇਜ, ਸਟਰੀਟ ਲਾਈਟਾਂ ਅਤੇ ਪਾਰਕਾਂ ਸਮੇਤ ਕਈ ਬੁਨਿਆਦੀ ਵਿਕਾਸ ਕਾਰਜ ਪੂਰੇ ਕੀਤੇ ਜਾਣੇ ਬਾਕੀ ਹਨ। ਨਿਗਮ ਚਾਹੁੰਦਾ ਹੈ ਕਿ ਟਰੱਸਟ ਪਹਿਲਾਂ ਇਨ੍ਹਾਂ ਕੰਮਾਂ ਨੂੰ ਪੂਰਾ ਕਰੇ ਜਾਂ ਫਿਰ ਇਨ੍ਹਾਂ ਨੂੰ ਪੂਰਾ ਕਰਵਾਉਣ ਲਈ ਲੋੜੀਂਦੇ ਫੰਡ ਨਗਰ ਨਿਗਮ ਨੂੰ ਮੁਹੱਈਆ ਕਰਵਾਏ। ਨਗਰ ਨਿਗਮ ਦੀ ਆਪਣੀ ਵਿੱਤੀ ਹਾਲਤ ਵੀ ਇਸ ਸਮੇਂ ਕੋਈ ਬਹੁਤੀ ਮਜ਼ਬੂਤ ਨਹੀਂ ਹੈ। ਅਜਿਹੇ ਹਾਲਾਤਾਂ ਵਿਚ ਜੇਕਰ ਇੰਪਰੂਵਮੈਂਟ ਟਰੱਸਟ ਦੀਆਂ 6 ਕਲੋਨੀਆਂ ਬਿਨਾਂ ਕਿਸੇ ਵਿੱਤੀ ਸਹਾਇਤਾ ਅਤੇ ਅਧੂਰੇ ਵਿਕਾਸ